ਕੰਪਿਊਟਰ ਸੈਲ ਸਿੰਚਾਈ ਵਿਭਾਗ ਪੰਜਾਬ
ਚੰਡੀਗੜ੍ਹ
ਡਾਇਰੀ ਨੰ.1.45/C.C...ਮਿਤੀ..29/7/15

OFFICE OF CE CANAL
D. NO. 1192
DATED 29-7-15

ਪੰਜਾਬ ਸਰਕਾਰ
ਸਿੰਚਾਈ ਵਿਭਾਗ
(ਸਿੰਚਾਈ ਪ੍ਰਸੋਨਲ-2 ਸਾਖਾ)

ਨੰ: 1/57/2014-1ਸਿੰ.ਪ੍ਰੋ.2/ ਮਿਤੀ,ਚੰਡੀਗੜ੍ਹ:

ਅਧਿਸੂਚਨਾਂ

ਸ੍ਰੀ ਜਗਦੀਸ਼ ਚੰਦ ਸਿੰਗਲਾ, ਪ੍ਰਬੰਧਕੀ ਅਫਸਰ-2 ਨੇ 58 ਸਾਲ ਦੀ ਉਮਰ ਪੂਰੀ ਹੋਣ ਤੇ ਮਿਤੀ 31.10.2013 ਨੂੰ ਸੇਵਾ ਨਵਿਰਤ ਹੋਣਾ ਸੀ। ਇਸ ਅਧਿਕਾਰੀ ਨੂੰ ਵਿੱਤ ਵਿਭਾਗ (ਵਿੱਤ ਪ੍ਰਸੋਨਲ-2 ਸਾਖਾ) ਦੇ ਪੱਤਰ ਨੰ: 22/2/2012-3ਐਫ.ਪੀ.2/475, ਮਿਤੀ 8.10.2012 ਅਤੇ ਪੱਤਰ ਮਿਤੀ 20.9.2013 ਦੇ ਸਨਮੁੱਖ ਪਹਿਲੇ ਅਤੇ ਦੂਜੇ ਸਾਲ ਦਾ ਵਾਧਾ ਮਿਤੀ 31.10.2015 ਤੱਕ ਸਮੇਂ ਸਮੇਂ ਤੇ ਜਾਰੀ ਸ਼ਰਤਾਂ ਅਧੀਨ ਮੰਨਜੂਰ ਕੀਤਾ ਗਿਆ ਸੀ ਜਿਸ ਅਨੁਸਾਰ ਇਸ ਅਧਿਕਾਰੀ ਨੇ 60 ਸਾਲ ਦੀ ਉਮਰ ਪੂਰੀ ਤੇ ਮਿਤੀ 31.10.2015 (ਬਾਅਦ ਦੁਪਹਿਰ) ਨੂੰ ਸੇਵਾ ਨਵਿਰਤ ਹੋਣਾ ਸੀ ।

2. ਅਜਿਹੇ ਮਾਮਲਿਆਂ ਵਿੱਚ ਵਿੱਤ ਵਿਭਾਗ (ਵਿੱਤ ਪ੍ਰਸੋਨਲ-2 ਸਾਖਾ) ਵੱਲੋਂ ਪੰਜਾਬ ਸਰਕਾਰ ਦੇ ਕਰਮਚਾਰੀਆਂ ਦੇ ਸੇਵਾ ਕਾਲ ਵਿੱਚ ਵਾਧਾ ਕਰਨ ਬਾਰੇ ਹਦਾਇਤਾਂ/ਸਪਸ਼ਟੀਕਰਨ ਮਿਤੀ 30 ਅਪ੍ਰੈਲ 2015 ਨੂੰ ਜਾਰੀ ਕੀਤੀਆਂ ਹਨ । ਇਨ੍ਹਾਂ ਹਦਾਇਤਾਂ ਦੇ ਪੈਰ੍ਹਾ-2 ਵਿੱਚ ਇਹ ਦਰਜ ਕੀਤਾ ਗਿਆ ਹੈ ਕਿ ਜਿੰਨ੍ਹਾਂ ਸਰਕਾਰੀ ਅਧਿਕਾਰੀਆਂ/ਕਰਮਚਾਰੀਆਂ ਦੇ ਵਿਰੁੱਧ ਪੰਜਾਬ ਸਿਵਲ ਸੇਵਾਵਾਂ (ਸਜਾ ਅਤੇ ਅਪੀਲ) ਨਿਯਮਾਵਲੀ 1970 ਦੇ ਨਿਯਮ-8 ਅਧੀਨ ਵਿਭਾਗੀ ਕਾਰਵਾਈ ਤਹਿਤ ਚਾਰਜਸੀਟ ਜਾਰੀ ਕਰਨ ਸਬੰਧੀ ਫੈਸਲਾ ਲਿਆ ਜਾ ਚੁੱਕਾ ਹੋਵੇ ਜਾਂ ਚਾਰਜਸੀਟ ਜਾਰੀ ਕੀਤੀ ਜਾ ਚੁੱਕੀ ਹੋਵੇ ਜਾਂ ਵੱਡੀ ਸਜਾ ਦਿੱਤੀ ਗਈ ਹੋਵੇ ਜਾਂ ਸਮੱਰਥ ਅਦਾਲਤ ਵੱਲੋਂ ਦੋਸ ਲਗਾਏ ਜਾ ਚੁੱਕੇ ਹੋਣ, ਉਨ੍ਹਾਂ ਨੂੰ ਵਿੱਤ ਵਿਭਾਗ ਵੱਲੋਂ ਜਾਰੀ ਹਦਾਇਤਾਂ ਨੰ: 22/2/2012-3ਐਫ.ਪੀ.2/471 ਮਿਤੀ 8-10-2012 ਅਤੇ ਨੰ: 22/2/2012-3 ਐਫ.ਪੀ.2/471 ਮਿਤੀ 20.9.2013 ਅਧੀਨ ਸੇਵਾਕਾਲ ਵਿੱਚ ਵਾਧਾ ਦੇਣ ਲਈ ਵਿਚਾਰਿਆ ਨਹੀਂ ਜਾਵੇਗਾ ਅਤੇ ਅਜਿਹੇ ਅਧਿਕਾਰੀ/ਕਰਮਚਾਰੀ ਜੋ ਆਪਣੇ ਸੇਵਾਕਾਲ ਵਿੱਚ ਪਹਿਲੇ ਅਤੇ ਦੂਜੇ ਸਾਲ ਦੇ ਵਾਧੇ ਵਿੱਚ ਚੱਲ ਰਹੇ ਹਨ ਅਤੇ ਉਹਨਾਂ ਦੇ ਕੇਸਾਂ ਤੇ ਵੀ ਮੁੜ ਵਿਚਾਰ (ਰੀਵਿਊ) ਕੀਤਾ ਜਾਵੇ। ਜੇਕਰ ਮੁੜ ਵਿਚਾਰ (ਰਿਵਿਊ) ਉਪਰੰਤ ਸੇਵਾਕਾਲ ਵਿੱਚ ਪਹਿਲਾਂ ਦਿੱਤਾ ਗਿਆ ਵਾਧਾ ਉਚਿਤ ਨਹੀਂ ਸਮਝਿਆ ਜਾਂਦਾ ਹੈ ਤਾਂ ਪਹਿਲਾਂ ਦਿੱਤੇ ਵਾਧੇ ਨੂੰ ਸਮਾਪਤ ਕਰ ਦਿੱਤਾ ਜਾਵੇ। ਇਹ ਵਾਧਾ ਹਰ ਹਾਲਤ ਵਿੱਚ ਫੈਸਲਾ ਹੋਣ ਦੀ ਮਿਤੀ ਦੇ ਉਸੇ ਮਹੀਨੇ ਤੇ ਅੰਤ ਤੋਂ ਸਮਾਪਤ ਕੀਤਾ ਜਾਣਾ ਯਕੀਨੀ ਬਣਾਇਆ ਜਾਵੇ।

3. ਸ੍ਰੀ ਜਗਦੀਸ ਚੰਦ ਸਿੰਗਲਾ,ਪ੍ਰਬੰਧਕੀ ਅਫਸਰ-2 ਨੂੰ ਸਰਕਾਰ ਦੇ ਪੱਤਰ ਨੰ: 5/51/2014-5ਸਿੰ:ਪ੍ਰੋ:2/363650 ਮਿਤੀ 10.12.2014 ਰਾਹੀਂ ਦਫਤਰੀ ਕੰਮ-ਕਾਜ ਤਸੱਲੀਬਖਸ ਨਾ ਹੋਣ ਕਾਰਣ ਪੰਜਾਬ ਸਿਵਲ ਸੇਵਾਵਾਂ (ਸਜਾ ਅਤੇ ਅਪੀਲ) ਰੂਲਜ-1970 ਦੇ ਨਿਯਮ-8 ਅਧੀਨ ਚਾਰਜਸੀਟ ਜਾਰੀ ਕੀਤੀ ਹੋਈ ਹੈ ਜਿਸ ਨੂੰ ਵਿੱਤ ਵਿਭਾਗ ਦੀਆਂ ਮਿਤੀ 30.4.2015 ਨੂੰ ਜਾਰੀ ਕੀਤੀ ਹਦਾਇਤਾਂ ਦੀ ਰੋਸ਼ਨੀ ਵਿੱਚ ਅਜਿਹੇ ਮਾਮਲਿਆਂ ਸਬੰਧੀਕਮੇਟੀ ਵੱਲੋਂ ਮਿਤੀ 12.6.2015 ਨੂੰ ਹੋਈ ਕਮੇਟੀ ਦੀ ਮੀਟਿੰਗ ਵਿੱਚ ਵਿਚਾਰਿਆ ਗਿਆ ਅਤੇ ਕਮੇਟੀ ਨੇ ਇਸ ਅਧਿਕਾਰੀ ਨੂੰ ਦਿੱਤੇ ਗਏ ਵਾਧੇ ਨੂੰ ਵਾਪਸ ਲੈਣ ਦਾ ਫੈਸਲਾ ਲੈਂਦੇ ਹੋਏ ਮਿਤੀ 31.7.2015 ਨੂੰ ਸੇਵਾ ਨਵਿਰਤ ਕਰਨ ਦਾ ਫੈਸਲਾ ਲਿਆ ਗਿਆ ਹੈ।

4. ਇਸ ਲਈ ਵਿੱਤ ਵਿਭਾਗ (ਵਿੱਤ ਪ੍ਰਸੋਨਲ-2 ਸਾਖਾ) ਵੱਲੋਂ ਮਿਤੀ 30 ਅਪ੍ਰੈਲ 2015 ਨੂੰ ਜਾਰੀ ਕੀਤੀਆਂ ਉਕਤ ਹਦਾਇਤਾਂ ਦੀ ਰੌਸ਼ਨੀ ਵਿੱਚ ਸ੍ਰੀ ਜਗਦੀਸ ਚੰਦ ਸਿੰਗਲਾ ਪੁੱਤਰ ਲੇਟ ਸ੍ਰੀ ਪਾਰਸ ਰਾਮ ਸਿੰਗਲਾ, ਪ੍ਰਬੰਧਕੀ ਅਫਸਰ-2 ਨੂੰ ਸਰਕਾਰ ਦੇ ਪੱਤਰ ਨੰ:1/57/2014-1ਸਿੰ:ਪ੍ਰੋ:2/322662/1, ਮਿਤੀ 13.10.2014 ਰਾਹੀਂ ਮਿਤੀ 1.11.2014 ਤੋਂ 31.10.2015 ਤੱਕ ਦੂਜੇ ਸਾਲ ਦੇ ਦਿੱਤੇ ਵਾਧੇ ਨੂੰ ਵਾਪਸ ਲੈਂਦੇ ਹੋਏ ਕਮੇਟੀ ਵੱਲੋਂ ਕੀਤੀਆਂ ਸਿਫਾਰਸ਼ਾਂ ਦੇ ਆਧਾਰ ਤੇ ਮਿਤੀ 31.7.2015 ਨੂੰ ਬਾਅਦ ਦੁਪਹਿਰ ਤੋਂ ਪੈਡਿੰਗ ਇੰਨਕੁਆਰੀ ਤੇ ਬਤੌਰ ਪ੍ਰਬੰਧਕੀ ਅਫਸਰ-2 ਸੇਵਾ ਨਵਿਰਤ ਕੀਤਾ ਜਾਂਦਾ ਹੈ। ਇਨ੍ਹਾਂ ਹੁਕਮਾਂ ਦਾ ਉਸ

ਵਿਰੁੱਧ ਚੱਲ ਰਹੀ ਵਿਭਾਗੀ ਅਨੁਸਾਸਨੀ ਕਾਰਵਾਈ ਅਤੇ ਕੋਰਟ ਕੇਸ ਜੇਕਰ ਕੋਈ ਹੋਵੇ ਤੇ ਕੋਈ ਅਸਰ ਨਹੀਂ ਹੋਵੇਗਾ। ਇਨ੍ਹਾਂ ਕੇਸਾਂ/ਮਾਮਲਿਆਂ ਵਿੱਚ ਨਿਕਲਣ ਵਾਲੇ ਸਿਟਿਆਂ ਦੇ ਸਨਮੁੱਖ ਇਸ ਰਿਟਾਇਰਡ ਅਧਿਕਾਰੀ ਵਿਰੁੱਧ ਨਿਯਮਾਂ ਅਨੁਸਾਰ ਕਾਰਵਾਈ ਕੀਤੀ ਜਾਵੇਗੀ।

ਕਾਹਨ ਸਿੰਘ ਪੰਨੂੰ
ਸਕੱਤਰ, ਪੰਜਾਬ ਸਰਕਾਰ
ਸਿੰਚਾਈ ਵਿਭਾਗ।

ਮਿਤੀ,ਚੰਡੀਗੜ੍ਹ:
27-7-2015

ਪਿੱਠ ਅੰਕਣ ਨੰ: 1/57/2014-1ਸਿੰ.ਪ੍ਰੋ.2/550667/3 ਮਿਤੀ,ਚੰਡੀਗੜ੍ਹ: 29/7/15

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਤੁਰੰਤ ਯੋਗ ਕਾਰਵਾਈ ਲਈ ਭੇਜਿਆ ਜਾਂਦਾ ਹੈ:-

1) ਮੁੱਖ ਇੰਜੀਨੀਅਰ/ਨਹਿਰਾਂ, ਸਿੰਚਾਈ ਵਿਭਾਗ, ਪੰਜਾਬ, ਚੰਡੀਗੜ੍ਹ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਪ੍ਰਬੰਧਕੀ ਅਫਸਰ-2 ਦਾ ਵਾਧੂ ਚਾਰਜ ਸੀਨੀਅਰ ਅਧਿਕਾਰੀ ਨੂੰ ਦੇਣ ਸਬੰਧੀ ਲੋੜੀਂਦੀ ਤਜਵੀਜ ਸਰਕਾਰ ਨੂੰ ਤੁਰੰਤ ਭੇਜੀ ਜਾਵੇ ਤਾਂ ਜੋ ਦਫਤਰੀ ਕੰਮ-ਕਾਜ ਸੁਚਾਰੂ ਢੰਗ ਨਾਲ ਚਲਾਇਆ ਜਾ ਸਕੇ।
2) ਮਹਾਂਲੇਖਾਕਾਰ, ਪੰਜਾਬ,ਚੰਡੀਗੜ੍ਹ।
3) ਕਾਰਜਕਾਰੀ ਇੰਜੀਨੀਅਰ-ਕਮ-ਇੰਚਾਰਜ ਕੰਪਿਊਟਰ ਸੈਲ, ਮੁੱਖ ਦਫਤਰ ਮੁੱਖ ਇੰਜੀਨੀਅਰ/ਨਹਿਰਾਂ, ਸਿੰਚਾਈ ਵਿਭਾਗ, ਪੰਜਾਬ,ਚੰਡੀਗੜ੍ਹ।
4) ਸ੍ਰੀ ਜਗਦੀਸ਼ ਚੰਦ ਸਿੰਗਲਾ, ਪ੍ਰਬੰਧਕੀ ਅਫਸਰ-2 ਮੁੱਖ ਇੰਜੀਨੀਅਰ/ਨਹਿਰਾਂ, ਸਿੰਚਾਈ ਵਿਭਾਗ, ਪੰਜਾਬ,ਚੰਡੀਗੜ੍ਹ।

ਸੁਪਰਡੰਟ